VEOLIA

ਦਸੰਬਰ, 2023

# ਹਲਮ ਰੋਡ ਕਮਿਊਨਿਟੀ ਅਪਡੇਟ




ਵੇਓਲੀਆ, ਹਾਲਮ ਰੋਡ ਲੈਂਡਫਿਲ ਦੀ ਟੀਮ ਤੁਹਾਨੂੰ ਉਹਨਾਂ ਸਾਧਨਾਂ ਬਾਰੇ ਸੂਚਿਤ ਕਰਨਾ ਚਾਹੁੰਦੀ ਹੈ, ਜਿਨ੍ਹਾਂ ਜ਼ਰੀਏ ਤੁਸੀਂ ਸਾਈਟ ਤੱਕ ਪਹੁੰਚ ਕਰ ਸਕਦੇ ਹੋ, ਫੀਡਬੈਕ ਪ੍ਰਦਾਨ ਕਰ ਸਕਦੇ ਹੋ ਅਤੇ ਸਾਈਟ ‘ਤੇ ਉਪਲੱਬਧ ਪ੍ਰਮੁੱਖ ਜਾਣਕਾਰੀ ਬਾਰੇ ਖੁਦ ਨੂੰ ਅਪਡੇਟ ਰੱਖ ਸਕਦੇ ਹੋ।

ਅਸੀਂ ਆਪਣੀ ਵੈਬਸਾਈਟ ਨੂੰ ਅਪਡੇਟ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਕੋਲ ਸਾਈਟ ਦੇ ਵਿਕਾਸ, ਵਿਦਿਅਕ ਸਰੋਤਾਂ ਨੂੰ ਸਾਂਝਾ ਕਰਨ ਅਤੇ ਸਾਡੇ ਸਥਾਨਕ ਭਾਈਚਾਰੇ ਤੋਂ ਫੀਡਬੈਕ ਪ੍ਰਾਪਤ ਕਰਨ ਲਈ ਇੱਕ ਢੁੱਕਵਾਂ ਪਲੇਟਫਾਰਮ ਹੋਵੇ ।

ਸਾਡੇ ਕਮਿਊਨਿਟੀ ਅਪਡੇਟ ਵੈੱਬ ਪੇਜ ‘ਤੇ ਜਾਣ ਲਈ ਇਸ QR ਕੋਡ ਨੂੰ ਸਕੈਨ ਕਰੋ।

## ਸਾਈਟ ਅਪਡੇਟ: ਰੂਪਰੇਖਾ ਸਬੰਧੀ ਬਦਲਾਅ

ਵੇਓਲੀਆ ਲੈਂਡਫਿਲ ਸੈੱਲਾਂ 13, 14ਬੀ, 15 ਅਤੇ 16 ਦੀ ਰੂਪਰੇਖਾ ਨੂੰ ਸੁਚਾਰੂ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ। ਇਹ ਬਦਲਾਅ ਢੁੱਕਵੀਂ ਲੈਂਡਸਕੇਪਿੰਗ ਅਤੇ ਤੂਫ਼ਾਨ ਦੇ ਪਾਣੀ ਦੇ ਪ੍ਰਬੰਧਨ ਲਈ ਜ਼ਮੀਨੀ ਸਤਹ ਪ੍ਰਦਾਨ ਕਰਨ ਵਿੱਚ ਸਹਾਈ ਸਿੱਧ ਹੋਣਗੇ। ਇਸ ਦਾ ਉਦੇਸ਼ ਕੌਂਸਲ ਨੂੰ ਉਪਰੋਕਤ ਜ਼ਮੀਨ ਸੌਂਪਣ ਤੋਂ ਪਹਿਲਾਂ ਸੁਧਾਰ/ਤਿਆਰ ਕੀਤੇ ਗਏ ਖੇਤਰ ਦੀ ਢੁੱਕਵੀਂ ਅਤੇ ਬਿਹਤਰ ਵਰਤੋਂ ਨੂੰ ਯਕੀਨੀ ਬਣਾਉਣਾ ਹੈ।

ਮੌਜੂਦਾ ਸੈੱਲਾਂ 13 ਅਤੇ 14ਬੀ ਅਤੇ ਅੰਤਿਮ ਸੈੱਲਾਂ 15 ਅਤੇ 16 ਵਿੱਚ ਰਹਿੰਦ-ਖੂੰਹਦ ਭਰਦਿਆਂ ਇੱਕ ਢਾਂਚਾ ਵਿਕਸਿਤ ਕੀਤਾ ਜਾਵੇਗਾ। ਇਹ ਬਦਲਾਅ ਸਮੁੱਚੀ ਉਚਾਈ ਨੂੰ ਪ੍ਰਭਾਵਿਤ ਕੀਤੇ ਬਿਨਾਂ ਸੈੱਲਾਂ ਦੇ ਵਿਚਕਾਰਲੇ ਖੇਤਰਾਂ ਨੂੰ ਪੱਧਰਾ ਕਰੇਗਾ।

ਲੈਂਡਫਿਲ ਗੈਸ ਪ੍ਰਬੰਧਨ ਯੋਜਨਾ ਦੇ ਅਨੁਸਾਰ ਸੈੱਲ 13 ਅਤੇ 14B ਦੇ ਲੈਂਡਫਿਲ ਗੈਸ ਬੁਨਿਆਦੀ ਢਾਂਚੇ ਨੂੰ ਹਿੱਸਿਆਂ ਵਿੱਚ ਕਾਇਮ ਰੱਖਿਆ ਜਾਵੇਗਾ ਅਤੇ ਬਾਕੀਆਂ ਵਿੱਚ ਇਸਨੂੰ ਰੀ-ਡਰਿੱਲ ਕੀਤਾ ਜਾਵੇਗਾ। ਸੈੱਲ 14B, 15 ਅਤੇ 16 ਨੂੰ ਭਰਨ ਸਮੇਂ ਐਕਸਟ੍ਰੈਕਸ਼ਨ ਲਾਈਨਾਂ ਨੂੰ ਰਣਨੀਤਕ ਤੌਰ 'ਤੇ ਵਿਵਸਥਿਤ ਕੀਤਾ ਜਾਵੇਗਾ।

ਰੂਪਰੇਖਾ ਸੈੱਲ 13, 14B, 15 ਅਤੇ 16 ਦੇ ਕੈਚਮੈਂਟ ਖੇਤਰ ਨੂੰ ਪ੍ਰਭਾਵਿਤ ਨਹੀਂ ਕਰਦੀ। ਸਾਈਟ ਦੇ ਵਪਾਰਕ ਰਹਿੰਦ-ਖੂੰਹਦ ਦੇ ਸਮਝੌਤੇ ਅਨੁਸਾਰ ਲੀਚੇਟ ਟ੍ਰੀਟਮੈਂਟ ਸਹੂਲਤ ਦੀ ਵਰਤੋਂ ਕਰਦਿਆਂ ਲੀਚੇਟ ਨੂੰ ਕੈਪਚਰ (ਵੱਖਰਾ ਕਰਨ) ਕਰਨ , ਇਸ ਦਾ ਟ੍ਰੀਟਮੈਂਟ, ਟੈਸਟਿੰਗ, ਸੁਤੰਤਰ ਤੌਰ 'ਤੇ ਮੁਲਾਂਕਣ ਅਤੇ ਫਿਰ ਇਸਨੂੰ ਸੀਵਰੇਜ ਵਿੱਚ ਛੱਡਣ ਦੀ ਪ੍ਰਕਿਰਿਆ ਜਾਰੀ ਰਹੇਗੀ।

ਰੂਪਰੇਖਾ ਨੂੰ ਅੰਤਿਮ ਰੂਪ ਦਿੱਤੇ ਜਾਣ ਤੋਂ ਬਾਅਦ ਫਾਈਨਲ ਕੈਪਿੰਗ ਅਤੇ ਵਰਟੀਕਲ ਗੈਸ ਵੈੱਲ ਤਕਨੀਕ ਲਾਗੂ ਕੀਤੀ ਜਾਵੇਗੀ ਤਾਂ ਜੋ ਕੂੜੇ, ਲੀਚੇਟ ਅਤੇ ਲੈਂਡਫਿਲ ਗੈਸ ਦੇ ਪ੍ਰਬੰਧਨ ਅਤੇ ਨਿਯੰਤਰਣ ਨੂੰ ਯਕੀਨੀ ਬਣਾਇਆ ਜਾ ਸਕੇ। ਸਾਈਟ ਦੀ ਪੂਰਬੀ ਸੀਮਾ, ਜੋ ਨਾਰੇ ਵਾਰੇਨ ਸਾਊਥ ਤੋਂ ਦਿਖਾਈ ਦਿੰਦੀ ਹੈ, ਨੂੰ ਇੱਕ ਸੋਹਣੀ ਅਤੇ ਆਕਰਸ਼ਕ ਦਿੱਖ ਦੇਣ ਲਈ ਸਾਰੇ ਖੇਤਰਾਂ ਵਿੱਚ ਘਾਹ (ਗਰਾਸ ਸੀਡਿੰਗ) ਲਗਾਇਆ ਜਾਵੇਗਾ।

ਲੈਂਡਫਿਲ ਕੋਲ ਇੱਕ ਯੋਜਨਾਬੰਦੀ ਪਰਮਿਟ ਹੈ, ਜੋ ਸਾਈਟ ਨੂੰ 31 ਦਸੰਬਰ, 2040 ਤੱਕ ਰਹਿੰਦ-ਖੂੰਹਦ  ਹਾਸਲ ਕਰਨ ਦੀ ਇਜਾਜ਼ਤ ਦਿੰਦਾ ਹੈ। ਭਰਾਈ ਦੀਆਂ ਮੌਜੂਦਾ ਦਰਾਂ ਦੇ ਆਧਾਰ 'ਤੇ 2030 ਦੇ ਕਰੀਬ ਤੱਕ ਸਾਈਟ ਦੇ ਭਰੇ ਜਾਣ ਦੀ ਸੰਭਾਵਨਾ ਹੈ, ਜਿਸ ਵਿੱਚ ਅੰਤਿਮ ਰੂਪਰੇਖਾ ਸਬੰਧੀ ਟੀਚੇ ਦੀ ਪ੍ਰਾਪਤੀ ਲਈ ਤਕਰੀਬਨ ਛੇ ਮਹੀਨਿਆਂ ਦੀ ਵਾਧੂ ਭਰਾਈ ਵੀ ਸ਼ਾਮਲ ਹੈ। ਇਸ ਸਬੰਧੀ ਟੀਚੇ ਦੀ ਪ੍ਰਾਪਤੀ ਭਵਿੱਖ ਵਿੱਚ ਜ਼ਮੀਨ ਦੀ ਵਧੇਰੇ ਕੁਸ਼ਲ ਵਰਤੋਂ ਨੂੰ ਯਕੀਨੀ ਬਣਾਏਗੀ, ਜਦੋਂ ਉਪਰੋਕਤ ਜ਼ਮੀਨ ਜਨਤਕ ਸਹੂਲਤ ਲਈ ਕੌਂਸਲ ਨੂੰ ਵਾਪਸ ਸੌਂਪੀ ਜਾਵੇਗੀ।

ਇਹ ਕੰਮ ਉਦੋਂ ਕੀਤਾ ਜਾਵੇਗਾ ਜਦੋਂ ਇੱਕ ਕੈਪਡ ਅਤੇ ਰੈਮੇਡੀਏਟਿਡ ਲੈਂਡਫਿਲ ਸੈੱਲ 'ਤੇ ਮਿੱਟੀ ਦੇ ਕੰਮ ਨੂੰ ਪੂਰਾ ਕਰਨ ਦੀਆਂ ਸੀਮਾਵਾਂ ਦੇ ਕਾਰਨ ਲੈਂਡਫਿਲ ਦਾ ਕੰਮ ਚਾਲੂ ਹੈ।



ਹੋਰ ਵੇਰਵੇ ਕਮਿਊਨਿਟੀ ਅਪਡੇਟ ਪੇਜ਼ 'ਤੇ ਦੇਖੇ ਜਾ ਸਕਦੇ ਹਨ।

## ਇਹ ਕੰਮ ਕਿਸ ਤਰ੍ਹਾਂ ਹੋਵੇਗਾ?

ਇਹ ਕਾਰਜ ਆਮ ਲੈਂਡਫਿਲਿੰਗ ਗਤੀਵਿਧੀ ਵਾਂਗ ਹੀ ਹੋਵੇਗਾ। ਰੂਪਰੇਖਾ ਸਬੰਧੀ ਟੀਚੇ ਦੀ ਪ੍ਰਾਪਤੀ ਲਈ ਜੀ.ਪੀ.ਐਸ. ਕੋਆਰਡੀਨੇਟਸ ਦੀ ਵਰਤੋਂ ਕਰਦਿਆਂ ਭਾਰੀ ਮਸ਼ੀਨਰੀ ਦੀ ਸਹਾਇਤਾ ਨਾਲ ਕੂੜਾ-ਕਰਕਟ ਇੱਕਠਾ ਕੀਤਾ ਜਾਵੇਗਾ ਅਤੇ ਇੰਜੀਨੀਅਰਿੰਗ ਯੋਜਨਾ ਅਨੁਸਾਰ ਇਸ ਨੂੰ ਖਾਲੀ ਥਾਂ ਵਿੱਚ ਭਰਿਆ ਜਾਵੇਗਾ।






## ਅਕਸਰ ਪੁੱਛੇ ਜਾਣ ਵਾਲੇ ਸਵਾਲ

ਸਾਡੇ ਕਮਿਊਨਿਟੀ ਅਪਡੇਟ ਵੈੱਬਪੇਜ 'ਤੇ ਜਾਣ ਲਈ ਇਸ QR ਕੋਡ ਨੂੰ ਸਕੈਨ ਕਰੋ ਜੋ ਅਕਸਰ ਪੁੱਛੇ ਜਾਂਦੇ ਸਵਾਲਾਂ ਅਤੇ ਹੋਰ ਸਹਾਇਕ ਸਰੋਤਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ।

## ਲੈਂਡਫਿਲ ਸੈੱਲ ਕੀ ਹਨ?

ਲੈਂਡਫਿਲ ਸੈੱਲ ਇੱਕ ਨਿਯੰਤਰਿਤ ਪ੍ਰਣਾਲੀ ਤਹਿਤ ਰਹਿੰਦ-ਖੂੰਹਦ, ਲੀਚੇਟ ਅਤੇ ਲੈਂਡਫਿਲ ਗੈਸ ਨੂੰ ਇੱਕਠਾ ਕਰਨ ਲਈ ਤਿਆਰ ਕੀਤੇ ਜਾਂਦੇ ਹਨ।

ਲੈਂਡਫਿਲ ਸੈੱਲਾਂ ਦੀ ਉਸਾਰੀ ਵਾਤਾਵਰਣ ਸੁਰੱਖਿਆ ਅਥਾਰਟੀ, ਜੋ ਦਿਸ਼ਾ-ਨਿਰਦੇਸ਼ ਅਤੇ ਵਿਧਾਨਕ ਟੀਚੇ ਪ੍ਰਦਾਨ ਕਰਦੀ ਹੈ, ਦੇ ਸਰਵੋਤਮ ਅਭਿਆਸ ਵਾਤਾਵਰਣ ਪ੍ਰਬੰਧਨ ਮੁਤਾਬਕ ਕੀਤਾ ਜਾਂਦਾ ਹੈ। ਉਸਾਰੀ ਅਤੇ ਕੈਪਿੰਗ ਪੜਾਵਾਂ ਦੌਰਾਨ, ਲੈਂਡਫਿਲ ਸੈੱਲ ਥਰਡ ਪਾਰਟੀ ਆਡੀਟਰ ਹੁੰਦੇ ਹਨ ਜੋ ਭਰਾਈ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਈ.ਪੀ.ਏ. ਦੁਆਰਾ ਪ੍ਰਮਾਣਿਤ ਅਤੇ ਮਨਜ਼ੂਰ ਕੀਤੇ ਜਾਂਦੇ ਹਨ।

### ਅਨੁਵਾਦ ਸਾਡੇ ਕਮਿਊਨਿਟੀ ਅਪਡੇਟ ਵੈੱਬਪੇਜ 'ਤੇ ਉਪਲਬਧ ਹਨ

ਅਨੁਵਾਦ ਸਾਡੇ ਕਮਿਊਨਿਟੀ ਅਪਡੇਟ ਵੈੱਬਪੇਜ 'ਤੇ ਉਪਲੱਬਧ ਹਨ (Punjabi)

تجمه‌ها در صفحه وب به‌روزرسانی‌های انجمن ما در دسترس هستند ر (Dari)

පරිවර්තන අපගේ ප්‍රජා යාවත්කාලීන වෙබ් පිටුවේ ඇත (Sinhala)

ਅਨੁਵਾਦ ਸਬੰਧੀ ਸੇਵਾਵਾਂ ਲਈ 131 450 'ਤੇ ਸੰਪਰਕ ਕੀਤਾ ਜਾ ਸਕਦਾ ਹੈ

**ਸੰਪਰਕ ਕਰੋ:** community.vic@veolia.com / 1800 368 737